ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਐਸ ਏ ਐਸ ਨਗਰ
ਕੰਪਃਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜਃ8, ਸਅਸ ਨਗਰ

**(ਪਬਲਿਕ ਨੋਟਿਸ)**

ਮੀਮੋ ਨੰਃ **ਟਰਾਂਸਫਰਸੈੱਲ**/2024666102/7 ਮਿਤੀਃਐਸ.ਏ.ਐਸ ਨਗਰਃ 29-08-2024

1.0 ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਪੱਤਰ ਨੰਃ 11/35/2018-1Edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਅਤੇ ਉਸ ਉਪਰੰਤ ਸਮੇਂ-2 ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿੱ), ਪੰਜਾਬ ਦੇ ਮੀਮੋ ਨੰ ਃ SSA/HR/Transfer/ 2020/118750, ਮਿਤੀ 22-05-2020 ਰਾਹੀਂ ਬਦਲੀ ਦੀ ਪਾਲਿਸੀ ਜਾਰੀ ਕੀਤੀ ਗਈ ਸੀ।

2.0 ਵਿਭਾਗ ਦੇ ਮੀਮੋ ਨੰਃ **ਟਰਾਂਸਫਰਸੈੱਲ**/2024666102/2, **ਮਿਤੀ** 24-07-2024 **ਅਤੇ ਮੀਮੋ** ਨੰਃ **ਟਰਾਂਸਫਰਸੈੱਲ**/2024666102/3, **ਮਿਤੀ** 06-08-2024 **ਰਾਹੀਂ ਜਨਤਕ ਸੂਚਨਾ ਰਾਹੀਂ ਜੋ ਦਰਖਾਸਤਕਰਤਾ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ, ਉਨ੍ਹਾਂ ਤੋਂ ਬਦਲੀ ਲਈ ਆਨਲਾਈਨ ਬੇਨਤੀਆਂ ਮਿਤੀ** 10-08-2024 **ਤੱਕ ਮੰਗੀਆਂ ਗਈਆਂ ਸਨ। ਦਰਖਾਸਤਕਰਤਾਵਾਂ ਵੱਲੋਂ ਈਪੰਜਾਬ ਪੋਰਟਲ ਤੇ ਆਪਣੇ ਵੇਰਵੇ ਜਿਵੇਂ ਕਿ** General Details, Results, Service Record **ਭਰੇ ਗਏ ਹਨ। ਦਰਖਾਸਤਕਰਤਾਵਾਂ ਵੱਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਸੀ, ਉਸਦੀ ਤਸਦੀਕ ਡੀਡੀਓ ਵੱਲੋਂ ਮਿਤੀ** 12-08-2024 **ਤੱਕ ਕੀਤੀ ਗਈ ਸੀ।**

3.0 ਵਿਭਾਗ ਵੱਲੋਂ ਬਦਲੀਆਂ ਦੇ ਦੂਜੇ ਗੇੜ ਦੌਰਾਨ ਜਿਲ੍ਹੇ ਤੋਂ ਬਾਹਰ (Inter District) ਬਦਲੀਆਂ ਕੀਤੀਆਂ ਜਾਣੀਆਂ ਹਨ। ਜਿਨ੍ਹਾਂ ਦਰਖਾਸਤਕਰਤਾਵਾਂ ਨੇ ਬਦਲੀ ਲਈ ਬੇਨਤੀ ਦਿੱਤੀ ਹੈ ਅਤੇ ਉਹ ਜਿਲ੍ਹੇ ਤੋਂ ਬਾਹਰ (Inter District) ਬਦਲੀ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਈ-ਪੰਜਾਬ ਪੋਰਟਲ ਤੇ ਲਾਗ ਇੰਨ ਕਰਕੇ ਬਦਲੀ ਲਈ Station Choice ਮਿਤੀ 29-08-2024 ਤੋਂ 30-08-2024 ਤੱਕ ਦੇ ਸਕਦੇ ਹਨ। ਬਦਲੀ ਲਈ ਉਪਲਭਧ ਖਾਲੀ ਅਸਾਮੀਆਂ ਦੀ ਸੂਚੀ ਈ-ਪੰਜਾਬ ਪੋਰਟਲ ਤੇ Log in ਕਰਕੇ Transfer Menu ਵਿੱਚ Station Choice ਲਿੰਕ ਤੇ ਦਰਸਾਈ ਜਾਵੇਗੀ। Station Choice ਇਨ੍ਹਾਂ ਉਪਲਭਧ ਖਾਲੀ ਸਟੇਸ਼ਨਾਂ ਵਿਚੋਂ ਹੀ ਕੀਤੀ ਜਾ ਸਕਦੀ ਹੈ।

4.0 ਜਿਹੜੇ ਅਧਿਆਪਕ ਬਦਲੀ ਕਰਵਾਉਣ ਵਿੱਚ ਸਫਲ ਹੋ ਜਾਣਗੇ ਤਾਂ ਉਨ੍ਹਾਂ ਨੂੰ ਬਦਲੀ ਵਾਲੇ ਸਟੇਸ਼ਨ ਭਾਵ ਜਿੱਥੇ ਬਦਲੀ ਹੋਈ ਹੈ, ਵਿਖੇ ਜੁਆਇੰਨ ਕਰਨਾ ਲਾਜਮੀ ਹੋਵੇਗਾ। ਕਿਸੇ ਵੀ ਹਾਲਤ ਵਿੱਚ ਬਦਲੀ ਰੱਦ ਨਹੀਂ ਕੀਤੀ ਜਾਵੇਗੀ। ਇਸ ਲਈ ਅਧਿਆਪਕ ਬਦਲੀ ਲਈ Station Choice ਬਹੁਤ ਹੀ ਧਿਆਨ ਪੂਰਵਕ ਕਰਨ।

5.0 ਜੇਕਰ ਕਿਸੇ ਅਧਿਆਪਕ ਨੂੰ ਬਦਲੀ ਲਈ ਆਨਲਾਈਨ Station Choice ਵਿੱਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ epunjabschoolportal ਤੇ ਉਪਲਭਧ ਹੈ।

ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।